BRAMPTON Flower City
brampton.ca

media release

16 ਮਾਰਚ, 2018

# ਬ੍ਰੈਂਪਟਨ ਵਿੱਚ ਪਬਲਿਕ ਟ੍ਰਾਂਜ਼ਿਟ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰੋ

ਬ੍ਰੈਂਪਟਨ, ਓਨਟੈਰੀਓ – ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਸਵਾਰੀਆਂ ਅਤੇ ਨਿਵਾਸੀਆਂ ਨੂੰ ਪ੍ਰਤੀਕਿਰਿਆ (ਫੀਡਬੈਕ) ਦੇਣ ਅਤੇ ਸਤੰਬਰ ਦੇ ਯੋਜਨਾਬੱਧ ਸੇਵਾ ਸੁਧਾਰਾਂ ਤੋਂ ਪਹਿਲਾਂ ਬ੍ਰੈਂਪਟਨ ਵਿੱਚ ਪਬਲਿਕ ਟ੍ਰਾਂਜ਼ਿਟ ਨੂੰ ਬਿਹਤਰ ਬਣਾਉਣ ਵਿੱਚ ਮਦਦ ਲਈ ਸੱਦਾ ਦੇ ਰਿਹਾ ਹੈ।

ਬ੍ਰੈਂਪਟਨ ਟ੍ਰਾਂਜ਼ਿਟ ਦਾ ਸਟਾਫ ਪੂਰੇ ਸ਼ਹਿਰ ਵਿੱਚ ਪ੍ਰਸਤਾਵਿਤ ਰੂਟ ਅਤੇ ਤੈਅ ਤਬਦੀਲੀਆਂ ਪ੍ਰਦਰਸ਼ਿਤ ਕਰਦੇ ਹੋਏ ਅਤੇ ਯੋਜਨਾਵਾਂ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ ਜਨਤਕ ਪ੍ਰਤੀਕਿਰਿਆ ਲੈਂਦੇ ਹੋਏ ਕਈ ਸਥਾਨਾਂ ਵਿਖੇ ਮੌਜੂਦ ਹੋਵੇਗਾ।

**ਮੰਗਲਵਾਰ, 20 ਮਾਰਚ**
ਦੁਪਹਿਰ ਬਾਅਦ 3 – ਸ਼ਾਮ 6 ਵਜੇ ਤੱਕ
ਬ੍ਰੈਮਲੀ ਟਰਮੀਨਲ (Bramalea Terminal)
160 ਸੈਂਟਰਲ ਪਾਰਕ ਡ੍ਰਾਈਵ (160 Central Park Drive)

**ਬੁੱਧਵਾਰ, 21 ਮਾਰਚ**
ਸ਼ਾਮ 4 – 7 ਵਜੇ ਤੱਕ
ਕ੍ਰਿਸ ਗਿਬਸਨ ਰੇਕ੍ਰੀਏਸ਼ਨ ਸੈਂਟਰ (Chris Gibson Recreation Centre)
125 ਮੈਕਲੌਗਲਿਨ ਰੋਡ (125 McLaughlin Road)

**ਵੀਰਵਾਰ, 22 ਮਾਰਚ**
ਸ਼ਾਮ 4 – 7 ਵਜੇ ਤੱਕ
ਕੈਸੀ ਕੈਂਪਬੈਲ ਕਮਿਊਨਿਟੀ ਸੈਂਟਰ (Cassie Campbell Community Centre)
1050 ਸੈਂਡਲਵੁੱਡ ਪਾਰਕਵੇ ਵੈਸਟ (1050 Sandalwood Parkway West)

**ਸੋਮਵਾਰ, 26 ਮਾਰਚ**
ਦੁਪਹਿਰ ਬਾਅਦ 3 – ਸ਼ਾਮ 6 ਵਜੇ ਤੱਕ
ਡਾਊਨਟਾਊਨ ਟਰਮੀਨਲ (Downtown Terminal)
8 ਨੈਲਸਨ ਸਟ੍ਰੀਟ (8 Nelson Street)

**ਮੰਗਲਵਾਰ, 27 ਮਾਰਚ**
ਸ਼ਾਮ 4 – 7 ਵਜੇ ਤੱਕ
ਗੋਰ ਮੀਡੋਜ਼ ਕਮਿਊਨਿਟੀ ਸੈਂਟਰ (Gore Meadows Community Centre)
10150 ਦ ਗੋਰ ਰੋਡ (10150 The Gore Road)

**ਬੁੱਧਵਾਰ, 28 ਮਾਰਚ**
ਸਵੇਰੇ 11 ਵਜੇ – ਦੁਪਹਿਰ ਬਾਅਦ 2 ਵਜੇ ਤੱਕ, ਦੁਪਹਿਰ ਬਾਅਦ 3 – ਸ਼ਾਮ 6 ਵਜੇ ਤੱਕ
ਬ੍ਰੈਂਪਟਨ ਗੇਟਵੇ ਟਰਮੀਨਲ (Brampton Gateway Terminal)
501 ਮੇਨ ਸਟ੍ਰੀਟ ਸਾਊਥ (501 Main Street South)

ਸੇਵਾ ਸਬੰਧੀ ਪ੍ਰਸਤਾਵਿਤ ਸੁਧਾਰ ਇੱਕ ਔਨਲਾਈਨ ਟਿੱਪਣੀ ਫਾਰਮ ਦੇ ਨਾਲ, ਸੋਮਵਾਰ, 19 ਮਾਰਚ ਤੋਂ ਸ਼ੁਰੂ ਕਰਦੇ ਹੋਏ, www.bramptontransit.com 'ਤੇ ਦੇਖਣ ਲਈ ਵੀ ਉਪਲਬਧ ਹੋਣਗੇ।

2017 ਵਿੱਚ, ਬ੍ਰੈਂਪਟਨ ਟ੍ਰਾਂਜ਼ਿਟ (Brampton Transit) ਨੂੰ ਰਾਈਡਰਸ਼ਿਪ ਵਿੱਚ 18 ਪ੍ਰਤੀਸ਼ਤ ਦੇ ਬੇਮਿਸਾਲ ਵਾਧੇ ਦੇ ਨਾਲ ਕੈਨੇਡਾ ਵਿੱਚ ਤੇਜ਼ੀ ਨਾਲ ਵਧਦੇ ਟ੍ਰਾਂਜ਼ਿਟ ਪ੍ਰਦਾਤਾਵਾਂ ਵਿੱਚੋਂ ਇੱਕ ਦੇ ਤੌਰ 'ਤੇ ਮਾਨਤਾ ਦਿੱਤੀ ਗਈ ਸੀ। ਗਾਹਕਾਂ ਅਤੇ ਸਟਾਫ ਦੀ ਪ੍ਰਤੀਕਿਰਿਆ (ਫੀਡਬੈਕ) ਰਾਹੀਂ, ਬ੍ਰੈਂਪਟਨ ਟ੍ਰਾਂਜ਼ਿਟ ਆਪਣੇ ਤੇਜ਼ ਵਾਧੇ ਦਾ ਸਮਰਥਨ ਕਰਦੇ ਹੋਏ ਸੇਵਾ ਨੂੰ ਬਿਹਤਰ ਬਣਾਉਣ ਲਈ ਲਗਾਤਾਰ ਕੰਮ ਕਰ ਰਿਹਾ ਹੈ।

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca